# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2012/ 83588-590
ਮਿਤੀ, ਚੰਡੀਗੜ੍ਹ 13-08-2012

**ਵਿਸ਼ਾ:-** **ਸੀ.ਸੀ.ਈ. ਦੇ ਦੇ ਸੋਧੇ ਹੋਏ ਮਾਡਲ ਸਬੰਧੀ।**

**ਹਵਾਲਾ :-** **ਇਸ ਦਫ਼ਤਰ ਦੇ ਪੱਤਰ ਨੰ. ਸਸਅ/ਐਮਸੀ/2012/79665-706, ਮਿਤੀ 16-05-2012 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਪਰੋਕਤ ਹਵਾਲੇ ਦੇ ਸਬੰਧ ਵਿੱਚ ਦੁਬਾਰਾ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ, ਚੌਥੀ ਤੋਂ ਅਠੱਵੀਂ ਜਮਾਤ ਦੇ ਸੋਧੇ ਹੋਏ ਮਾਡਲ ਸਬੰਧੀ ਜੋ ਵੀ ਗਾਈਡਲਾਈਨਜ ਵਿਸ਼ਾ ਅਧਿਆਪਕਾਂ ਦੁਆਰਾ ਭਰੀ ਜਾਣ ਵਾਲੀ ਮੁਲਾਂਕਣ ਸ਼ੀਟ, ਜਮਾਤ ਇੰਚਾਰਜ ਦੁਆਰਾ ਭਰੀ ਜਾਣ ਵਾਲੀ ਮੁਲਾਂਕਣ ਸ਼ੀਟ, ਅਤੇ ਇਸ ਤੇ ਭਰੇ ਹੋਏ ਨਮੂਨੇ, ਜੋ ਕਿ SSA ਦੀ website ਤੇ DEO(SE) ਦੀ daily instruction ਵਾਲੇ ਸੈਕਸ਼ਨ ਵਿੱਚ 16.05.2012 ਤੇ ਉਪਲਬੱਧ ਹਨ, ਵਿਸ਼ਾ ਅਧਿਆਪਕਾਂ ਦੇ ਧਿਆਨ ਵਿੱਚ ਲਿਆਂਦੇ ਜਾਣ ਤਾਂ ਜੋ, ਵਿਸ਼ਾ ਅਧਿਆਪਕਾਂ ਵੱਲੋਂ ਸੀ.ਸੀ.ਈ. ਤਹਿਤ ਕੀਤਾ ਗਿਆ ਪਹਿਲਾਂ ਫਾਰਮੈਟਿਵ ਮੁਲਾਂਕਣ FA1 (ਮਈ), ਇਸੇ ਤਰ੍ਹਾਂ ਅਗਸਤ ਵਿੱਚ ਕੀਤੇ ਜਾਣ ਵਾਲਾ ਦੂਜਾ ਫਾਰਮੈਟਿਵ ਮੁਲਾਂਕਣ FA2 (ਅਗਸਤ) ਅਤੇ ਸਤੰਬਰ ਵਿੱਚ ਕੀਤੇ ਜਾਣ ਵਾਲੇ ਸਕੰਲਿਤ ਮੁਲਾਂਕਣ SA1 ਦਾ ਵਿਦਿਆਰਥੀਆਂ ਦਾ ਮੁਲਾਂਕਣ ਵਿਸ਼ਾ ਅਧਿਆਪਕਾਂ/ਜਮਾਤ ਇੰਚਾਰਜ ਦੁਆਰਾ ਨਾਲ ਦੇ ਨਾਲ ਦਰਜ ਕੀਤਾ ਜਾ ਸਕੇ।

3.0 ਇੱਥੇ ਦੁਆਰਾ ਸਪੱਸ਼ਟ ਕੀਤਾ ਜਾਂਦਾ ਹੈ ਕਿ, ਚੌਥੀ ਤੋਂ ਅਠੱਵੀਂ ਜਮਾਤਾਂ ਲਈ ਅਧਿਆਪਕ ਆਪਣੇ ਪੱਧਰ ਤੇ ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ (during class room teaching practice) ਦੌਰਾਨ ਹੀ ਆਪਣੇ ਪੱਧਰ ਤੇ ਆਪਣੇ ਸਮੇ ਅਨੁਸਾਰ ਵਿਦਿਆਰਥੀਆਂ ਦਾ ਚਾਰ ਵਾਰ, FA1 (ਮਈ ਵਿੱਚ), FA2 (ਅਗਸਤ ਵਿੱਚ), FA3 (ਨਵੰਬਰ ਵਿੱਚ) ਅਤੇ FA4 (ਜਨਵਰੀ) ਵਿੱਚ ਫਾਰਮੈਟਿਵ ਮੁਲਾਂਕਣ ਕਰੇਗਾ। ਜਿਸ ਵਿੱਚ ਵਿਦਿਆਰਥੀਆਂ ਦਾ ਲਿਖਤੀ ਮੁਲਾਂਕਣ, ਪ੍ਰਯੋਗ/ਐਕਟੀਵਿਟੀ/ਪ੍ਰੋਜੈਕਟ/ਵਿਦਿਆਰਥੀਆਂ ਦੀ ਅਭਿਆਸ ਕਾਪੀ (CW/HW/Home Assignment) ਅਤੇ ਵਿਦਿਆਰਥੀ ਦੇ ਜਮਾਤ ਵਿੱਚ ਵਿਵਹਾਰ ਅਤੇ ਜਮਾਤ ਰੂਪ ਵਿੱਚ ਭਾਗੀਦਾਰੀ ਦੇ ਆਧਾਰ ਤੇ ਵਿਸ਼ਾ ਅਧਿਆਪਕ ਦੁਆਰਾ ਭਰੇ ਜਾਣ ਵਾਲੇ ਮੁਲਾਂਕਣ ਰਜਿਸਟਰ ਵਿੱਚ ਵਿਦਿਆਰਥੀ ਦਾ ਮੁਲਾਂਕਣ ਦੋ ਮਹੀਨੇ ਵਿੱਚ ਇੱਕ ਵਾਰ ਲਾਜ਼ਮੀ ਤੌਰ ਤੇ ਦਰਜ ਕਰੇਗਾ। ਤਾਂ ਜੋ ਵਿਦਿਆਰਥੀ ਦਾ ਸਰਵ ਪੱਖੀ ਮੁਲਾਂਕਣ ਨਾਲ ਦੀ ਨਾਲ ਕਰਕੇ ਉਸਨੂੰ ਲੋੜੀਂਦੀ ਸੁਧਾਰ ਕਰਨ ਦੀ ਪ੍ਰਕ੍ਰਿਆ ਕੀਤੀ ਜਾ ਸਕੇ।

4.0 ਇਸ ਪ੍ਰਤੀ ਜੇਕਰ ਮੁਲਾਂਕਣ ਰਜਿਸਟਰ ਸਕੂਲਾਂ ਵਿੱਚ ਮੁਹੱਈਆਂ ਨਹੀਂ ਹੋਏ ਤਾਂ ਸਕੂਲ ਮੁੱਖੀ ਮੁੜ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨਾਲ ਸਪੰਰਕ ਕਰਨਾ ਜਰੂਰੀ ਹੈ।

5.0 ਪ੍ਰਾਪਤ ਮੁਲਾਂਕਣ ਰਜਿਸਟਰਾਂ ਵਿੱਚ, ਸੀ.ਸੀ.ਈ. ਦੇ ਮਾਡਲ ਵਿੱਚ ਕੀਤੀ ਸੋਧ ਨੂੰ ਮੱਦੇ ਨਜ਼ਰ ਰੱਖਦਿਆ ਹੋਇਆ, ਪ੍ਰਾਪਤ ਮੁਲਾਂਕਣ ਰਜਿਸਟਰਾਂ ਵਿੱਚ ਅੰਸ਼ਿਕ ਤਬਦੀਲੀ ਦੀ ਕਟਿੰਗਜ਼ ਵੀ SSA ਦੀ website ਤੇ ਉਪਲਬੱਧ ਹਨ।

6.0 SA1 ਅਤੇ SA2 ਤੋਂ ਬਾਅਦ, ਵਿਦਿਆਰਥੀਆਂ ਦੇ ਸਹਿ ਅਕਾਦਮਿਕ ਗਤੀਵਿਧੀਆਂ ਬਾਰੇ ਜਮਾਤ ਇੰਚਾਰਜ ਬਾਰੇ ਟਿੱਪਣੀ ਦੇਣਾ ਲਾਜ਼ਮੀ ਹੈ।

7.0 ਦੋ ਮਹੀਨੇ ਬਾਅਦ, ਮੁਲਾਂਕਣ ਰਜਿਸਟਰਾਂ ਵਿੱਚ ਵਿਸ਼ਾ ਅਧਿਆਪਕ, ਸਕੂਲ ਮੁੱਖੀ ਅਤੇ ਮਾਤਾ-ਪਿਤਾ ਨੂੰ ਵਿਦਿਆਰਥੀਆਂ ਦਾ performance ਦਿਖਾਉਂਦੇ ਹੋਏ, ਹਸਤਾਖਰ ਕਰਵਾਉਣਾ ਲਾਜ਼ਮੀ ਹੈ।

## ਸਕੰਲਿਤ ਮੁਲਾਂਕਣ ਬਾਰੇ

8.0 ਚੌਥੀ ਤੋਂ ਅਠਵੀਂ ਜਮਾਤ ਦੇ ਵਿਦਿਆਰਥੀ ਦਾ ਸਾਲ ਵਿੱਚ ਦੋ ਵਾਰ ਹੋਣ ਵਾਲਾ ਸੰਕਲਿਤ ਮੁਲਾਂਕਣ SA1 (ਸਤੰਬਰ) ਅਤੇ SA2 (ਮਾਰਚ) ਲਈ ਛੇਵੀਂ ਤੋਂ ਅਠਵੀਂ ਲਈ ਛੇ ਮੁੱਖ ਵਿਸ਼ਿਆਂ ਹਿੰਦੀ, ਪੰਜਾਬੀ, ਅੰਗ੍ਰੇਜ਼ੀ, ਸਮਾਜਿਕ ਸਿੱਖਿਆ, ਗਣਿਤ ਅਤੇ ਸਾਇੰਸ ਦੇ ਮੁਲਾਂਕਣ ਟੂਲਜ਼ ਅਤੇ ਚੌਥੀ- ਪੰਜਵੀਂ ਦੇ ਮੁੱਖ ਪੰਜ ਵਿਸ਼ਿਆਂ ਹਿੰਦੀ, ਪੰਜਾਬੀ, ਵਾਤਾਵਰਣ ਸਿੱਖਿਆ, ਅੰਗ੍ਰੇਜ਼ੀ,ਗਣਿਤ ਦੇ ਮੁਲਾਂਕਣ ਟੂਲਜ਼ ਹੈਡ ਆਫਿਸ ਵੱਲੋਂ ਤਿਆਰ ਕਰਕੇ ਭੇਜੇ ਜਾਣਗੇ।ਇਸ ਤੋਂ ਇਲਾਵਾ ਬਾਕੀ ਦੇ ਵਿਸ਼ਿਆਂ ਦੇ ਮੁਲਾਂਕਣ ਟੂਲਜ਼ ਸਕੂਲ ਮੁੱਖੀ ਸਬੰਧਤ ਵਿਸ਼ਾ ਅਧਿਆਪਕ ਤੋਂ ਤਿਆਰ ਕਰਵਾਏਗਾ।ਇਸ ਲਈ revised syllabus ਜੋ ਕਿ ਸਰਵ ਸਿੱਖਿਆ ਅਭਿਆਨ ਦੀ ਵੈੱਬ-ਸਾਈਟ (ਮਿਤੀ 28.07.2012) ਤੇ ਉਪਲਬੱਧ ਹੈ ਮੁਤਾਬਿਕ SA1 ਦਾ ਸਤੰਬਰ ਤੱਕ ਸਿਲੇਬਸ ਖਤਮ ਕਰਵਾਕੇ ਦੁਹਰਾਈ ਕਰਵਾਈ ਜਾਵੇ।

9.0 ਮੁਲਾਂਕਣ ਵੇਲੇ ਸਕੂਲ ਮੁੱਖੀ ਦੀ ਜਿੰਮੇਵਾਰੀ ਹੋਵੇਗੀ ਕਿ ਮੁਲਾਂਕਣ ਪੂਰੀ ਤਰ੍ਹਾਂ authentic ਬਣਾਉਣ ਲਈ ਵਿਸ਼ਾ ਅਧਿਆਪਕ ਨੂੰ ਵਿਸ਼ੇ ਵਾਲੇ ਮੁਲਾਂਕਣ ਵਿੱਚ ਨਾ ਲਾਇਆ ਜਾਵੇ।

10.0 ਸੀਟਿੰਗ ਪਲਾਨ ਇਸ ਤਰ੍ਹਾਂ ਬਣਾਈ ਜਾਵੇ ਕਿ, ਵਿਦਿਆਰਥੀ ਨੂੰ ਨਕਲ ਮਾਰਨ ਦਾ ਮੌਕਾ ਨਾ ਮਿਲੇ।

11.0 ਜੇਕਰ ਪ੍ਰਾਇਮਰੀ ਅਤੇ ਮਿਡਲ/ਹਾਈ/ਸੀ.ਸੈਂਕ ਸਕੂਲ ਇੱਕ ਹੀ ਕੈਂਪਸ ਵਿੱਚ ਹਨ ਤਾਂ ਸਕੰਲਿਤ ਮੁਲਾਂਕਣ ਵੇਲੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਅਤੇ ਮਿਡਲ/ਹਾਈ/ਸੀ.ਸੈਂਕ ਸਕੂਲਾਂ ਦੇ ਅਧਿਆਪਕਾਂ ਨੂੰ ਸਕੰਲਿਤ ਮੁਲਾਂਕਣ ਵੇਲੇ ਬਦਲਾਇਆ ਜਾ ਸਕੇ।

12.0 SA1 ਦੌਰਾਨ, ਜਿਨ੍ਹਾਂ ਵਿਸ਼ਿਆਂ ਦੀ ਪ੍ਰਯੋਗ ਪ੍ਰੀਖਿਆ ਹੈ ਉਸ ਲਈ ਵਿਸ਼ਾ ਅਧਿਆਪਕ ਆਪਣੇ ਪੱਧਰ ਤੇ ਵਿਦਿਆਰਥੀ ਦਾ ਮੁਲਾਂਕਣ ਕਰੇਗਾ। ਇਸ ਲਈ ਇਹ ਜਰੂਰੀ ਹੈ ਕਿ, ਸਤੰਬਰ ਸਿਲੇਬਸ ਤੱਕ ਜੋ ਵੀ ਪ੍ਰਯੋਗ/ਐਕਟੀਵਿਟੀ ਕਰਵਾਈ ਜਾਂਦੀ ਹੈ ਸਿਲੇਬਸ ਦੇ ਨਾਲ ਨਾਲ ਕਰਵਾ ਲਈ ਜਾਵੇ।

13.0 SA1 ਸਬੰਧੀ ਸਮਾਂ ਸਾਰਣੀ ਜਲਦੀ ਹੀ ਹੈੱਡ ਆਫਿਸ ਤੋਂ ਜਾਰੀ ਕਰ ਦਿੱਤੀ ਜਾਵੇਗੀ।

**ਨੋਟ :- ਨੌਂਵੀਂ ਅਤੇ ਦਸਵੀਂ ਜਮਾਤਾਂ ਲਈ ਪਹਿਲੇ ਟਰਮ ਦੇ ਮੁਲਾਂਕਣ ਲਈ ਮੁੱਖ ਛੇ ਵਿਸ਼ਿਆਂ ਦੇ ਮੁਲਾਂਕਣ ਟੂਲਜ਼ ਵੀ ਹੈੱਡ ਆਫਿਸ ਤੋਂ ਭੇਜੇ ਜਾਣਗੇ। ਜੋ ਕਿ ਅਪ੍ਰੈਲ ਤੋਂ ਸਤੰਬਰ ਤੱਕ ਕਰਵਾਏ ਗਏ ਸਿਲੇਬਸ ਤੇ ਆਧਾਰਿਤ ਹੋਣਗੇ।**

ਸਹੀ/-

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**